**SET-3**

**Series SGN**

ਕੋਡ ਨੰ. **221/3**

ਰੋਲ ਨੰਬਰ

| | | | | | | |
|---|---|---|---|---|---|---|
| | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **27** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **27** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum Marks : 100*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਪ੍ਰਸ਼ਨ ਸੰਖਿਆ **1 – 5** ਤਕ ਹਰ ਇਕ ਪ੍ਰਸ਼ਨ **ਇਕ** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **20** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iii)* *ਪ੍ਰਸ਼ਨ ਸੰਖਿਆ **6 – 10** ਤਕ ਹਰ ਇਕ ਪ੍ਰਸ਼ਨ **ਦੋ** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **40** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ **11 – 16** ਤਕ ਹਰ ਇਕ ਪ੍ਰਸ਼ਨ **ਚਾਰ** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ **17 – 21** ਤਕ ਹਰ ਇਕ ਪ੍ਰਸ਼ਨ **ਪੰਜ** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ **21** ਮਾਨਚਿੱਤਰ ਆਧਾਰਿਤ ਪ੍ਰਸ਼ਨ ਹੈ । ਉੱਤਰ ਆਪਣੀ ਉੱਤਰ ਪੁਸਤਿਕਾ ਵਿਚ ਲਿੱਖੋ ।*

*(vii)* *ਪ੍ਰਸ਼ਨ ਸੰਖਿਆ **22 – 27** ਤਕ ਹਰ ਇਕ ਪ੍ਰਸ਼ਨ **ਛੇ** ਅੰਕ ਦਾ ਹੈ । ਇਨ੍ਹਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

**1.** 1977 ਵਿਚ ਕਾਂਗਰੇਸ ਪਾਰਟੀ ਦੀ ਹਾਰ ਦੇ ਕਿਸੇ ਇਕ ਕਾਰਨ ਦਾ ਵਿਸ਼ਲੇਸ਼ਣ ਕਰੋ । *1*

**2.** 'ਪੱਛਮੀ ਗੁਟ (ਗਠਬੰਧਨ)' ਦਾ ਕੀ ਭਾਵ ਹੈ ? *1*

**3.** 'ਗਠਬੰਧਨ ਸਰਕਾਰ' ਦੀ ਧਾਰਨਾ ਨੂੰ ਸਪਸ਼ਟ ਕਰੋ । *1*

**4.** ਇਸਤ੍ਰੀ ਸਸ਼ਕਤੀਕਰਣ ਦੇ ਵਲ ਲਿਜਾਣ ਵਾਲਾ ਜਨ ਅੰਦੋਲਨ ਕਿਹੜਾ ਸੀ ? *1*

**5.** ਸ੍ਰੀਲੰਕਾ ਵਿਚ ਨਸਲੀ ਸੰਘਰਸ਼ ਦੇ ਬਾਰੇ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ***ਗਲਤ*** ਹੈ ? *1*

(a) ਸ੍ਰੀਲੰਕਾ ਵਿਚ ਰਾਜਨੀਤੀ ਖੁਲ੍ਹੇ ਤੌਰ ਤੇ ਸਿੰਹਾਲੀਆਂ ਲੋਕਾਂ ਦੇ ਪੱਖ ਵਿਚ ਸੀ ।

(b) ਤਮਿਲਾਂ ਦੇ ਹਿਤਾਂ ਨੂੰ ਅਨਦੇਖਿਆ ਕੀਤਾ ਜਾਂਦਾ ਸੀ ।

(c) ਤਮਿਲ ਏਲਮ ਦੇ ਲਿਬਰੇਸ਼ਨ ਟਾਇਗਰਜ਼ ਨੂੰ ਸਾਰਕ ਦੇਸ਼ਾਂ ਦਾ ਸਮਰਥਨ ਸੀ ।

(d) ਸ੍ਰੀਲੰਕਾ ਵਿਚ ਰਾਜਨੀਤਕ ਸਮਾਨਤਾ ਨਹੀਂ ਸੀ ।

**6.** 'ਸਰਬ ਸਾਂਝੀ ਸੰਪੱਤੀ' ਦੇ ਅਧੀਨ ਆਉਣ ਵਾਲੇ ਕਿਸੇ ਚਾਰ ਹਿੱਸਿਆ ਜਾਂ ਖੇਤਰਾਂ ਦੀ ਸੂਚੀ ਬਣਾਓ । $\frac{1}{2} \times 4=2$

**7.** ਗੁਟ ਨਿਰਪੇਖ ਅੰਦੋਲਨ ਰਾਹੀਂ ਨਵੇਂ ਆਜ਼ਾਦ ਹੋਏ ਦੇਸ਼ਾਂ ਨੂੰ ਦਿੱਤੇ ਗਏ ਪ੍ਰਮੁਖ ਸਹਿਯੋਗ ਦਾ ਅਨੁਮਾਨ ਲਗਾਓ । *2*

**8.** ਕਾਲਮ 'A' ਵਿਚ ਦਿੱਤੇ ਗਏ ਨਾਮਾਂ ਦਾ ਕਾਲਮ 'B' ਵਿਚ ਦਿੱਤੀ ਹੋਈ ਜਾਣਕਾਰੀ ਨਾਲ ਅਰਥਪੂਰਨ ਮੇਲ ਕਰੋ : $\frac{1}{2} \times 4=2$

| *ਕਾਲਮ 'A'* | *ਕਾਲਮ 'B'* |
|---|---|
| (a) ਦੂਸਰੀ ਪੰਜਵਰਸ਼ੀ ਯੋਜਨਾ ਦੇ ਯੋਜਨਾਕਾਰ | (i) ਬਲਰਾਜ ਮਧੋਕ |
| (b) ਜਨਸੰਘ ਦਾ ਨੇਤਾ | (ii) ਮੌਲਾਨਾ ਅਬੁਲ ਕਲਾਮ ਆਜ਼ਾਦ |
| (c) ਸਵਤੰਤਰ ਪਾਰਟੀ ਦਾ ਨੇਤਾ | (iii) ਪੀ.ਸੀ. ਮਹਾਲਨੋਬਿਸ |
| (d) ਹਿੰਦੂ ਮੁਸਲਿਮ ਏਕਤਾ ਦੇ ਪਰਸਤਾਵਕ | (iv) ਮੀਨੂ ਮਸਾਨੀ |

**9.** ਭਾਰਤੀ ਵਿਦੇਸ਼ ਨੀਤੀ ਦੇ ਅਜੇਹੇ ਕੋਈ ਦੋ ਪੱਖ ਉਜਾਗਰ ਕਰੋ ਜਿਹੜੇ ਪੰ. ਜਵਾਹਰਲਾਲ ਨੇਹਰੂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ । *1×2=2*

**10.** ਇਕ ਉਦਾਹਰਣ ਦੀ ਸਹਾਇਤਾ ਨਾਲ ਇਹ ਦਰਸਾਓ ਕਿ ਵਿਸ਼ਵੀਕਰਣ ਨੇ ਭਾਰਤ ਦੇ ਪੈਹਰਾਵਾ ਸਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ । *2*

**11.** ਅਜੇਹੇ ਕਿਸੇ ਚਾਰ ਕਾਰਕਾਂ ਉਪਰ ਰੋਸ਼ਨੀ ਪਾਓ ਜਿਹੜੇ ਸੰਯੁਕਤ ਰਾਸ਼ਟਰ ਸੁਰਖਿਆ ਪਰੀਸ਼ਦ ਵਿਚ ਭਾਰਤ ਦੀ ਸਥਾਈ ਸੱਦਸਤਾ ਦਾ ਸਮਰਥਨ ਕਰਦੇ ਹਨ । *1×4=4*

**12.** 'ਹਰਿਆਲੀ ਕਰਾਂਤੀ' ਦੇ ਕਿਸੇ ਚਾਰ ਲਾਭਾਂ ਦਾ ਮੁਲੰਕਣ ਕਰੋ । *1×4=4*

**13.** ਦਲਿਤ ਪੈਂਥਰਸ ਰਾਹੀਂ ਆਪਣੇ ਹਿਤਾਂ ਦੇ ਹਕ ਵਿਚ ਅਪਣਾਈਆਂ ਗਈਆਂ ਕਿਸੇ ਚਾਰ ਸਰਗਰਮੀਆਂ ਦਾ ਵਰਣਨ ਕਰੋ । *1×4=4*

**14.** ਭਾਰਤ ਦੇ ਕਿਸੇ ਚਾਰ ਪ੍ਰਧਾਨਮੰਤਰੀਆਂ ਦਾ ਵਰਣਨ ਕਰੋ ਅਤੇ ਉਨ੍ਹਾਂ ਦੇ ਕਰਮਵਾਰ ਗੱਠਜੋੜਾਂ ਦੇ ਨਾਮ ਲਿਖੋ ਜਿਨ੍ਹਾਂ ਨੇ 1989 ਤੋਂ 1999 ਤਕ ਦੇ ਦਰਮਿਆਨ ਸੰਘੀ ਸਰਕਾਰ ਦੀ ਅਗਵਾਈ ਕੀਤੀ । *1×4=4*

**15.** ਚੀਨ ਰਾਹੀਂ ਚੁਕੇ ਗਏ ਅਜੇਹੇ ਕਿਸੇ ਚਾਰ ਕਦਮਾਂ ਦੀ ਵਿਆਖਿਆ ਕਰੋ ਜਿਸਦੇ ਕਾਰਨ ਉਸਦੀ ਅਰਥ ਵਿਵਸਥਾ ਉੱਚੀ ਉਠੀ । *1×4=4*

**16.** ਭਾਰਤ ਨੇ ਆਪਣੇ ਆਪ ਨੂੰ ਦੋਹਾਂ ਮਹਾਂਸ਼ਕਤੀਆਂ ਦੇ ਗੁੱਟਾ ਤੋਂ ਅਲਗ ਕਿਉਂ ਰਖਿਆ ? *4*

**17.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

1977 ਦੀਆਂ ਚੋਣਾ ਨੂੰ ਜਨਤਾ ਪਾਰਟੀ ਨੇ ਅਪਾਤਕਾਲ ਦੇ ਉਪਰ ਲੋਕ ਮਤ ਇਕੱਠਾ ਕਰਨ ਦਾ ਰੂਪ ਦਿਤਾ । ਇਸ ਪਾਰਟੀ ਨੇ ਚੋਣ ਪ੍ਰਚਾਰ ਵਿਚ ਕਾਂਗਰੇਸ ਸ਼ਾਸਨ ਦੇ

ਗੈਰ–ਲੋਕਤੰਤਰੀ ਆਚਰਨ ਅਤੇ ਅਪਾਤਕਾਲ ਦੇ ਦੌਰਾਨ ਕੀਤੀਆਂ ਗਈਆਂ ਜ਼ਿਆਦਤੀਆਂ ਉਪਰ ਜ਼ੋਰ ਦਿੱਤਾ । ਹਜ਼ਾਰਾ ਲੋਕਾਂ ਦੀ ਗਿਰਫਤਾਰੀ ਅਤੇ ਪ੍ਰੈਸ ਦੀ ਸੈਂਸਰਸ਼ਿਪ ਦੀ ਪਿੱਠਭੂਮੀ (ਆਧਾਰ) ਵਿਚ ਲੋਕ ਮਤ ਕਾਂਗਰੇਸ ਦੇ ਖਿਲਾਫ ਸੀ ।

(a) ‘ਲੋਕ ਮਤ ਇਕੱਠਾ ਕਰਨਾ’ ਦਾ ਅਰਥ ਸਪਸ਼ਟ ਕਰੋ ।

(b) “ਅਪਾਤਕਾਲ ਦੇ ਦੌਰਾਨ, ਹਜ਼ਾਰਾ ਲੋਕਾਂ ਦੀ ਗਿਰਫਤਾਰੀ ਅਤੇ ਪ੍ਰੈਸ ਦੀ ਸੈਂਸਰਸ਼ਿਪ ਜਹੇ ਕੰਮ ਗੈਰ–ਲੋਕਤੰਤਰੀ ਸਨ ।” ਕੀ ਤੁਸੀਂ ਇਸ ਕਥਨ ਨਾਲ ਸੈਹਮਤ ਹੋ ? ਹਰ ਇਕ ਕੰਮ ਦੇ ਪੱਖ ਅਤੇ ਵਿਰੋਧ ਵਿਚ ਇਕ–ਇਕ ਢੁਕਵੀਂ ਦਲੀਲ ਦੇ ਕੇ ਆਪਣੇ ਉੱਤਰ ਦੀ ਪੁਸ਼ਟੀ ਕਰੋ ।

(c) 1977 ਦੀਆਂ ਚੋਣਾਂ ਵਿਚ ਭਾਰੀ ਬਹੁਮਤ ਨਾਲ ਜਿਤਣ ਦੇ ਬਾਵਜੂਦ, ਜਨਤਾ ਪਾਰਟੀ ਕੇਵਲ ਥੋੜੇ ਸਮੇਂ ਲਈ ਹੀ ਸੱਤਾ ਵਿਚ ਕਿਉਂ ਰਹੀ ? ਸਪਸ਼ਟ ਕਰੋ । *1+2+2=5*

**18.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

‘ਕਿਊਬਾ ਮਿਸਾਈਲ ਸੰਕਟ’ ਠੰਢੀ ਜੰਗ ਦਾ ਬੁਲੰਦ ਬਿੰਦੂ ਸੀ । ਠੰਢੀ ਜੰਗ ਸੰਯੁਕਤ ਰਾਜ ਅਮੇਰਿਕਾ ਅਤੇ ਸੋਵਿਯਤ ਸੰਘ ਅਤੇ ਉਨ੍ਹਾਂ ਦੇ ਸਾਥੀ ਦੇਸ਼ਾਂ ਦੇ ਦਰਮਿਆਨ ਪ੍ਰਤੀਯੋਗਤਾ, ਤਣਾਅ ਅਤੇ ਸੰਘਰਸ਼ਾਂ ਦੀ ਇਕ ਲੜੀ ਦੇ ਰੂਪ ਵਿਚ ਜਾਰੀ ਰਿਹਾ । ਚੰਗੀ ਕਿਸਮਤ ਨੂੰ ਇਨ੍ਹਾਂ ਤਣਾਵਾਂ ਅਤੇ ਸੰਘਰਸ਼ਾਂ ਨੇ ‘ਵਿਆਪਕ ਲਹੂ ਭਰੇ ਜੁੱਧ’ ਦਾ ਰੂਪ ਨਹੀਂ ਲਿਆ ।

(a) ‘ਵਿਆਪਕ ਲਹੂ ਭਰੇ ਜੁੱਧ’ ਦਾ ਅਰਥ ਸਪਸ਼ਟ ਕਰੋ ।

(b) ‘ਕਿਊਬਾ ਮਿਸਾਈਲ ਸੰਕਟ’ ਨੂੰ ਠੰਢੀ ਜੰਗ ਦਾ ਬੁਲੰਦ (ਚਰਮ) ਬਿੰਦੂ ਕਿਉਂ ਸਮਝਿਆ ਜਾਂਦਾ ਸੀ ?

(c) “ਵਿਚਾਰਧਾਰਾਤਮਕ ਸੰਘਰਸ਼ ਵੀ ਠੰਢੀ ਜੰਗ ਦਾ ਇਕ ਕਾਰਨ ਸੀ ।” ਤੁਸੀਂ ਇਸ ਕਥਨ ਨਾਲ ਕਿਸ ਹਦ ਤਕ ਸੈਹਮਤ ਹੈ ? *1+2+2=5*

**19.** ਹੇਠ ਦਿੱਤੇ ਹੋਏ ਕਾਰਟੂਨ ਨੂੰ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :







(a) ਇਹ ਕਾਰਟੂਨ ਕਿਸ ਦੇਸ਼ ਦੇ ਸੰਬੰਧੀ ਹੈ ?

(b) ਇਸ ਦੇਸ਼ ਦੀਆਂ ਆਰਥਿਕ ਨੀਤੀਆਂ ਵਿਚ 'ਉਦੋਂ' ਤੋਂ 'ਹੁਣ' ਤਕ ਆਏ ਕਿਸੇ ਦੋ ਬਦਲਾਵਾਂ ਦਾ ਮੁਲੰਕਣ ਕਰੋ ।

(c) ਇਸ ਦੇਸ਼ ਵਿਚ ਹੋਏ ਅਜੋਕੇ ਬਦਲਾਵਾਂ ਦੇ ਕਿਸੇ ਦੋ ਨਤੀਜਿਆਂ ਦਾ ਅਨੁਮਾਨ ਲਗਾਓ । *1+2+2=5*

***ਨੋਟ:*** *ਹੇਠ ਲਿਖਿਆ ਪ੍ਰਸ਼ਨ* ***ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਸੰਖਿਆ* ***19*** *ਦੇ ਸਥਾਨ ਤੇ ਹੈ :*

(19.1) ਆਸਿਆਨ (ASEAN) ਦਾ ਵਿਸਤਾਰ ਰੂਪ ਕੀ ਹੈ ?

(19.2) ਆਸਿਆਨ ਦੇ ਮੁੱਖ ਉਦੇਸ਼ ਲਿਖੋ ।

(19.3) 'ਆਸਿਆਨ ਸ਼ੈਲੀ' ਤੋਂ ਕੀ ਭਾਵ ਹੈ ? *1+2+2=5*

**20.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਕਾਂਗਰੇਸ ਦਾ ਜਨਮ 1885 ਵਿੱਚ ਹੋਇਆ ਸੀ । ਉਸ ਸਮੇਂ ਇਹ ਨਵੀ ਪੀੜ੍ਹੀ ਦੇ ਪੜ੍ਹਿਆਂ ਲਿਖਿਆ, ਕੰਮਕਾਜੀ ਅਤੇ ਵਪਾਰਕ ਵਰਗਾਂ ਦਾ ਇਕ ਦਬਾਅ ਸਮੂਹ ਮਾਤਰ ਹੀ ਸੀ, ਪਰ ਵੀਹਵੀਂ ਸਦੀ ਵਿਚ ਇਸਨੇ ਜਨ ਅੰਦੋਲਨ ਦਾ ਰੂਪ ਲੈ ਲਿਆ । ਇਸ ਕਰਕੇ ਕਾਂਗਰੇਸ ਨੇ ਇਕ ਜਨ ਵਿਆਪੀ ਰਾਜਨੀਤਕ ਪਾਰਟੀ ਦਾ ਰੂਪ ਲਿਆ ਅਤੇ ਰਾਜਨੀਤਕ ਵਿਵਸਥਾ ਵਿਚ ਇਸਦਾ ਦਬਦਬਾ ਕਾਇਮ ਹੋਇਆ । ਸ਼ੁਰੂ-ਸ਼ੁਰੂ ਵਿਚ ਕਾਂਗਰੇਸ ਵਿਚ ਅੰਗਰੇਜ਼ੀ ਬੋਲਣ ਵਾਲੇ, ਉਪਰਲੀਆਂ ਜਾਤੀਆਂ, ਉਪਰਲੇ ਮੱਧ ਵਰਗ ਅਤੇ ਸ਼ਹਿਰੀ ਸਰੇਸ਼ਟ ਵਰਗ ਦਾ ਬੋਲ ਬਾਲਾ ਸੀ । ਪਰ ਕਾਂਗਰੇਸ ਵਲੋਂ ਜਦੋਂ ਵੀ ਸਵਿਨਯ ਅਵਗਿਆ ਜਹੇ ਅੰਦੋਲਨ ਚਲਾਏ ਗਏ, ਉਸ ਦਾ ਸਮਾਜਕ ਅਧਾਰ ਵਧਿਆ ।

(a) ਦਬਾਅ ਸਮੂਹ ਤੋਂ ਕੀ ਭਾਵ ਹੈ ?

(b) ਆਜਾਦੀ ਮਿਲਦੇ ਮਿਲਦੇ ਕਾਂਗਰੇਸ ਦੇ ਇਕ ਸਤਰੰਗੀ ਸਮਾਜਕ ਗਠਬੰਧਨ ਦੇ ਰੂਪ ਵਿਚ ਉਭਰਨ ਦੇ ਕਾਰਨ ਸਪਸ਼ਟ ਕਰੋ ।

(c) ਵੀਹਵੀਂ ਸਦੀ ਵਿਚ ਕਾਂਗਰੇਸ ਇਕ ਜਨਵਿਆਪੀ ਰਾਜਨੀਤਕ ਦਲ ਕਿਵੇਂ ਬਣ ਗਈ ? *1+2+2=5*

**21.** **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 9 ਤੇ) ਵਿਚ ਪੰਜ ਰਾਜਾਂ ਨੂੰ Ⓐ, Ⓑ, Ⓒ, Ⓓ ਅਤੇ Ⓔ ਰਾਹੀਂ ਦਰਸਾਇਆ ਗਿਆ ਹੈ । ਹੇਠ ਦਿੱਤੀ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾਂ ਦੀ ਪਹਿਚਾਣ ਕਰੋ ਅਤੇ ਆਪਣੀ ਉੱਤਰ ਪੁਸਤਕ ਵਿਚ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਸੰਬੰਧਤ ਅੱਖਰ, ਹੇਠ ਦਿੱਤੀ ਸਾਰਣੀ ਦੇ ਅਨੁਸਾਰ ਲਿੱਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਸੰਬੰਧਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |
| (v) | | |

(i) ਉਹ ਰਾਜ ਜਿੱਥੇ ਜਲਿਆਂਵਾਲਾ ਬਾਗ ਕਤਲੇਆਮ ਹੋਇਆ ਸੀ ।

(ii) ਉਹ ਰਾਜ ਜਿੱਥੇ 'ਅਮੂਲ' ਨਾਮ ਹੇਠ ਡੇਯਰੀ ਸਹਕਾਰਿਤਾ ਅੰਦੋਲਨ ਸ਼ੁਰੂ ਹੋਇਆ ਸੀ ।

(iii) ਉਹ ਰਾਜ ਜਿਹੜਾ 'ਹਰਿਆਲੀ ਕਰਾਂਤੀ' ਰਾਹੀਂ ਲਾਭਵੰਦ ਹੋਇਆ ਸੀ ।

(iv) ਉਹ ਰਾਜ ਜਿਸ ਦਾ ਗਠਨ ਸੰਨ 2000 ਵਿਚ ਹੋਇਆ ਸੀ ।

(v) ਉਹ ਰਾਜ ਜਿੱਥੇ 1960 ਦੇ ਦਹਾਕੇ ਵਿਚ ਅਕਾਲ ਵਰਗੇ ਹਾਲਾਤ ਸਨ । *1×5=5*

ਪ੍ਰਸ਼ਨ ਸੰ. 21 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)



**ਨੋਟ:** *ਹੇਠ ਲਿਖਿਆ ਪ੍ਰਸ਼ਨ* ***ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਸੰਖਿਆ* ***21*** *ਦੇ ਸਥਾਨ ਤੇ ਹੈ :*

(21.1) ਜਲਿਆਂਵਾਲਾ ਬਾਗ ਦਾ ਕਤਲੇਆਮ ਕਿਸ ਰਾਜ ਵਿਚ ਹੋਇਆ ਸੀ ?

(21.2) 'ਅਮੂਲ' ਡੇਯਰੀ ਸਹਕਾਰੀ ਅੰਦੋਲਨ ਦੀ ਸ਼ੁਰੂਆਤ ਕਿਸ ਰਾਜ ਵਿਚ ਹੋਈ ਸੀ ?

(21.3) ਸਾਲ 2000 ਵਿਚ ਬਣਾਏ ਗਏ ਰਾਜ ਦਾ ਨਾਮ ਲਿੱਖੋ ।

(21.4) ਭਾਰਤ ਦੇ ਪੂਰਬ ਵਿਚ ਸਥਿਤ ਉਸ ਰਾਜ ਦਾ ਨਾਮ ਲਿੱਖੋ ਜਿਹੜਾ 1947 ਦੀ ਵੰਡ ਦੇ ਸਮੇਂ ਵੰਡ ਦੇ ਕਾਰਨ ਹੋਂਦ ਵਿਚ ਆਇਆ ਸੀ ।

(21.5) ਹਰਿਆਲੀ ਕਰਾਂਤੀ ਤੋਂ ਸਭ ਤੋਂ ਵਧ ਲਾਭਵੰਦ ਹੋਣ ਵਾਲੇ ਦੋ ਰਾਜ ਕਿਹੜੇ ਹਨ ? *1×5=5*

**22.** ਸੰਯੁਕਤ ਰਾਸ਼ਟਰ ਸੁਰਖਿਆ ਪਰਿਸ਼ਦ ਦੇ ਨਵੇਂ ਸਥਾਈ ਅਤੇ ਅਸਥਾਈ ਸਦੱਸਾਂ ਦੇ ਲਈ ਕਸੌਟੀ ਦੇ ਤੌਰ ਤੇ ਪ੍ਰਸਤਾਵਤ ਛੇ ਸੁਧਾਰਾਂ ਦਾ ਨਿਰੀਖਣ ਕਰੋ । *1×6=6*

**ਜਾਂ**

ਭਾਰਤ ਦੀ ਸੁਰਖਿਆ ਰਣਨੀਤੀ ਦੇ ਕਿਸੇ ਤਿੰਨ ਵੱਡੇ ਭਾਗਾਂ (ਘਟਕਾਂ) ਦਾ ਵਿਸ਼ਲੇਸ਼ਣ ਕਰੋ । *2×3=6*

**23.** "ਕੜੇ ਮੁਕਾਬਲੇ ਅਤੇ ਬਹੁਤ ਸੰਘਰਸਾਂ ਦੇ ਬਾਵਜੂਦ, ਭਾਰਤ ਦੇ ਅਧਿਕਾਂਸ਼ ਰਾਜਨੀਤਕ ਦਲਾਂ ਦੇ ਵਿਚਕਾਰ ਇਕ ਸਹਮਤਿ ਉਭਰਦੀ ਮਹਿਸੂਸ ਹੋ ਰਹੀ ਹੈ ।" ਇਸ ਕਥਨ ਦੇ ਸੰਦਰਭ ਵਿਚ, ਵਧਦੀ ਸਹਮਤਿ ਦੇ ਕਿਸੇ ਤਿੰਨ ਤੱਤਵਾਂ ਦਾ ਵਿਸ਼ਲੇਸ਼ਣ ਕਰੋ । *2×3=6*

**ਜਾਂ**

"ਜੰਮੂ-ਕਸ਼ਮੀਰ ਅਨੇਕਵਾਦੀ ਸਮਾਜ ਅਤੇ ਰਾਜਨੀਤੀ ਦਾ ਇਕ ਜਿੰਦਾ ਉਦਾਹਰਣ ਹੈ ।" ਕਿਸੇ ਤਿੰਨ ਢੁਕਵੀਆਂ ਦਲੀਲਾਂ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *2×3=6*

**24.** ਅਜ ਦੇ ਸੰਸਾਰ ਪਧਰ ਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਣ ਵਾਲੇ ਕਿਸੇ ਤਿੰਨ ਖਤਰਿਆਂ ਦਾ ਵਿਸ਼ਲੇਸ਼ਣ ਕਰੋ । *2×3=6*

**ਜਾਂ**

ਵਿਸ਼ਵੀਕਰਨ ਦੀਆਂ ਕਿਸੇ ਤਿੰਨ ਹਾਨੀਆਂ ਦਾ ਵਿਸ਼ਲੇਸ਼ਣ ਕਰੋ । *2×3=6*

**25.** ਸੰਯੁਕਤ ਰਾਜ ਅਮੇਰਿਕਾ ਰਾਹੀਂ ਕੀਤੇ ਗਏ ਕਿਸੇ ਤਿੰਨ ਆਪ੍ਰੇਸ਼ਨ (ਫੌਜੀ ਕਾਰਵਾਈਆਂ) ਦਾ ਵਰਣਨ ਕਰੋ ਜਿਨ੍ਹਾਂ ਤੋਂ ਅਮੇਰਿਕਾ ਦੀ ਫੌਜੀ ਸ਼ਕਤੀ ਦੀ ਸਰਬੋਤਸਤਾ ਸਥਾਪਤ ਅਤੇ ਸਿੱਧ ਹੋਈ । *2×3=6*

**ਜਾਂ**

ਭਾਰਤ ਅਤੇ ਪਾਕਿਸਤਾਨ ਦੇ ਦਰਮਿਆਨ ਕਿਸੇ ਤਿੰਨ ਟਕਰਾ ਦੇ ਮੁੱਦਿਆਂ ਦਾ ਵਰਣਨ ਕਰੋ । *2×3=6*

**26.** 'ਸ਼ਾਕ ਥੈਰੇਪੀ' ਦਾ ਕੀ ਭਾਵ ਹੈ ? ਸ਼ਾਕ ਥੈਰੇਪੀ ਦੇ ਕਿਸੇ ਚਾਰ ਨਤੀਜਿਆਂ ਦੀ ਵਿਆਖਿਆ ਕਰੋ । *2+4=6*

**ਜਾਂ**

ਨਿਚਲੇ ਦਰਜੇ ਦੇ ਵਿਕਸਤ ਦੇਸ਼ਾਂ ਦੇ ਵਿਕਾਸ ਦੇ ਲਈ 'ਨਵੀਂ ਅੰਤਰ ਰਾਸ਼ਟਰੀ ਆਰਥਿਕ ਵਿਵਸਥਾ' (NIEO) ਦੇ ਵਿਚਾਰ ਨੂੰ ਸਪਸ਼ਟ ਕਰੋ । ਵਿਸ਼ਵ ਪੱਧਰ ਤੇ ਵਪਾਰ ਪ੍ਰਣਾਲੀ ਵਿਚ ਸੁਧਾਰ ਲਿਆਉਣ ਦੇ ਲਈ ਯੁਨਾਇਟਿਡ ਨੇਸ਼ਨਸ ਕਾਨਫਰੇਂਸ ਆਨ ਟਰੇਡ ਐਂਡ ਡਿਵੇਲਪਮੇਂਟ ਰਾਹੀਂ 1972 ਵਿਚ ਪਰਸਤਾਵਤ ਕਿਸੇ ਤਿੰਨ ਸੁਧਾਰਾਂ ਉਪਰ ਰੋਸ਼ਨੀ ਪਾਓ । *3+3=6*

**27.** 1975 ਵਿਚ ਅਪਾਤਕਾਲ ਘੋਸ਼ਤ ਕੀਤੇ ਜਾਣ ਦੇ ਕਿਸੇ ਤਿੰਨ ਪ੍ਰਮੁਖ ਕਾਰਨਾ ਦਾ ਬਿਓਰਾ ਦਿਓ । *2×3=6*

**ਜਾਂ**

ਇੰਦਰਾ ਗਾਂਧੀ ਰਾਹੀਂ 'ਗਰੀਬੀ ਹਟਾਓ' ਪ੍ਰੋਗਰਾਮ ਨੂੰ ਲਾਗੂ ਕਰਨ ਦੇ ਲਈ ਚੁਕੇ ਗਏ ਕਿਸੇ ਚਾਰ ਕਦਮਾਂ ਦਾ ਵਰਣਨ ਕਰੋ । $1\frac{1}{2}\times 4=6$